# ਵਰਲਡ ਪੰਜਾਬੀ ਟਾਈਮਜ਼

## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਗ਼ਜ਼ਲ ਮੰਚ ਸਰੀ ਵੱਲੋਂ 24 ਮਈ ਨੂੰ ਸਜਾਈ ਜਾਵੇਗੀ ਗ਼ਜ਼ਲ ਗਾਇਕੀ ਦੀ 'ਸੁਰੀਲੀ ਸ਼ਾਮ'


ਹਰਦਮ ਮਾਨ





ਸਰੀ, 22 ਮਈ : ਸਰੀ ਦੀ ਨਾਮਵਰ ਸੰਸਥਾ 'ਗ਼ਜ਼ਲ ਮੰਚ ਸਰੀ' ਵੱਲੋਂ ਗ਼ਜ਼ਲ ਪ੍ਰੇਮੀਆਂ ਲਈ ਇੱਕ ਬਹੁਤ ਹੀ ਸ਼ਾਨਦਾਰ ਗ਼ਜ਼ਲ ਗਾਇਕੀ ਦਾ ਪ੍ਰੋਗਰਾਮ 'ਸੁਰੀਲੀ ਸ਼ਾਮ-2026' ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ 24 ਮਈ 2026 ਨੂੰ ਰਿਫ਼ਲੈਕਸ਼ਨ ਬੈਂਕੁਇੱਟ ਹਾਲ (6638 152A St, Surrey BC V3S 7J1) ਵਿਖੇ ਸਵੇਰੇ 11:00 ਵਜੇ ਤੋਂ ਦੁਪਹਿਰ 3:30 ਵਜੇ ਤੱਕ ਹੋਵੇਗਾ।

ਇਸ ਸੰਗੀਤਮਈ ਸ਼ਾਮ ਦੀ ਖ਼ਾਸੀਅਤ ਇਹ ਹੋਵੇਗੀ ਕਿ ਇਸ ਵਿੱਚ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਨਾਮਵਰ ਫ਼ਨਕਾਰ ਆਪਣੀ ਆਵਾਜ਼ ਦਾ ਜਾਦੂ ਬਿਖੇਰਨਗੇ। ਪ੍ਰੋਗਰਾਮ ਵਿੱਚ ਮੁੱਖ ਤੌਰ 'ਤੇ ਅਭਿਸ਼ੇਕ, ਭਗਤਜੀਤ ਸਿੰਘ, ਪਰਖਜੀਤ ਸਿੰਘ, ਸਾਂਝ ਜੌੜਾ ਅਤੇ ਸੁਖਦੇਵ ਸਾਹਿਲ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰਨਗੇ।

ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਪ੍ਰੋਗਰਾਮ ਲਈ ਕੋਈ ਟਿਕਟ ਨਹੀਂ ਰੱਖੀ ਗਈ ਹੈ ਅਤੇ ਦਾਖ਼ਲਾ ਬਿਲਕੁਲ ਮੁਫ਼ਤ ਹੈ। ਗ਼ਜ਼ਲ ਮੰਚ ਸਰੀ ਨੇ ਸਮੂਹ ਸੰਗੀਤ ਪ੍ਰੇਮੀਆਂ ਨੂੰ ਇਸ ਸੁਰੀਲੀ ਸ਼ਾਮ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਵਧੇਰੇ ਜਾਣਕਾਰੀ ਲਈ ਚਾਹਵਾਨ ਸੱਜਣ ਦਵਿੰਦਰ ਗੌਤਮ ਨਾਲ ਫੋਨ ਨੰਬਰ 604) 825-6960 'ਤੇ ਸੰਪਰਕ ਕਰ ਸਕਦੇ ਹਨ।

## ਪੀ.ਏ.ਯੂ. ਨੇ ਨਾਗਪੁਰ ਸਥਿਤ ਕੰਪਨੀ ਨਾਲ ਨਰਮੇ ਦੀ ਵਿਕਸਿਤ ਕਿਸਮ ਲਈ ਸਮਝੌਤਾ ਕੀਤਾ



ਲੁਧਿਆਣਾ 22 ਮਈ : ਅੱਜ ਪੀ.ਏ.ਯੂ. ਅਤੇ ਨਾਗਪੁਰ ਮਹਾਂਰਾਸ਼ਟਰ ਸਥਿਤ ਕੰਪਨੀ ਅੰਕੁਰ ਸੀਡਜ਼ ਪ੍ਰਾਈਵੇਟ ਲਿਮਿਟਡ ਵਿਚਕਾਰ ਇਕ ਸਮਝੌਤੇ ਉੱਪਰ ਦਸਤਖਤ ਕੀਤੇ ਗਏ| ਪੀ.ਏ.ਯੂ. ਦੀ ਤਰਫੋਂ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਸੰਬੰਧਿਤ ਕੰਪਨੀ ਵੱਲੋਂ ਡਾ. ਆਰ ਕੇ ਗੁੰਬਰ ਨੇ ਸਮਝੌਤੇ ਦੀਆਂ ਸ਼ਰਤਾਂ ਉੱਪਰ ਸਹੀ ਪਾਈ| ਇਸ ਮੌਕੇ ਖੇਤੀਬਾੜੀ ਅਤੇ ਬਾਗਬਾਨੀ ਬਾਰੇ ਵਧੀਕ ਨਿਰਦੇਸ਼ਕ ਖੋਜ ਡਾ. ਗੁਰਜੀਤ ਸਿੰਘ ਮਾਂਗਟ, ਡਾ. ਮਹੇਸ਼ ਕੁਮਾਰ, ਤਕਨਾਲੋਜੀ ਵਪਾਰੀਕਰਨ ਸੈੱਲ ਦੇ ਸਹਿਯੋਗੀ ਨਿਰਦੇਸ਼ਕ ਡਾ. ਖੁਸ਼ਦੀਪ ਧਰਨੀ ਅਤੇ ਪਲਾਂਟ ਬਰੀਡਿੰਗ ਵਿਭਾਗ ਦੇ ਮੁਖੀ ਡਾ. ਸੁਰਿੰਦਰ ਸੰਧੂ ਤੋਂ ਇਲਾਵਾ ਖੇਤਰੀ ਖੋਜ ਕੇਂਦਰ ਫਰੀਦਕੋਟ ਦੇ ਨਿਰਦੇਸ਼ਕ ਡਾ. ਕੁਲਦੀਪ ਸਿੰਘ ਮੌਜੂਦ ਰਹੇ| ਡਾ. ਅਜਮੇਰ ਸਿੰਘ ਢੱਟ ਨੇ ਇਸ ਸਮਝੌਤੇ ਲਈ ਵਿਗਿਆਨੀਆਂ ਨੂੰ ਵਧਾਈ ਦਿੱਤੀ| ਉਹਨਾਂ ਕਿਹਾ ਕਿ ਇਸ ਸਮਝੌਤੇ ਨਾਲ ਨਰਮੇ ਦੇ ਪੱਤਾ ਮਰੋੜ ਰੋਗ ਨੂੰ ਕਾਬੂ ਕਰਨ ਦੇ ਰਾਹ ਵਿਚ ਸਫਲਤਾ ਹਾਸਲ ਹੋਵੇਗੀ|

ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਨਰਮੇ ਵਿਚ ਪੱਤਾ ਮਰੋੜ ਰੋਗ ਉੱਤਰੀ ਭਾਰਤ ਦੇ ਨਰਮਾ ਉਤਪਾਦਕ ਰਾਜਾਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਅਮਰੀਕਨ ਨਰਮੇ ਦੀ ਕਾਸ਼ਤ ਲਈ ਗੰਭੀਰ ਖਤਰਾ ਬਣ ਕੇ ਸਾਹਮਣੇ ਆਇਆ ਹੈ| ਇਸਦਾ ਕਾਰਨ ਚਿੱਟੀ ਮੱਖੀ ਵੱਲੋਂ ਡੀ ਐੱਨ ਏ ਵਾਇਰਸ ਦਾ ਪ੍ਰਸਾਰ ਕਰ ਦੇਣਾ ਹੈ| ਪੱਤਾ ਮਰੋੜ ਬਿਮਾਰੀ ਕਾਰਨ ਫਸਲ ਦੇ ਵਿਕਾਸ ਦੇ ਮੁੱਢਲੇ ਪੜਾਅ ਪ੍ਰਭਾਵਿਤ ਹੁੰਦੇ ਹਨ| ਪੀ.ਏ.ਯੂ. ਨੇ ਇਸ ਬਿਮਾਰੀ ਦੀ ਰੋਕਥਾਮ ਲਈ ਅਮਰੀਕਨ ਨਰਮਾ ਲਾਈਨ ਨੂੰ ਪੀ.ਏ.ਯੂ. ਆਰਮਰ-1 ਦੇ ਰੂਪ ਵਿਚ ਵਿਕਸਿਤ ਕੀਤਾ ਹੈ| ਇਸ ਕਿਸਮ ਦੇ ਵਿਕਾਸ ਵਿਚ ਅਮਰੀਕਨ ਨਰਮੇ ਅਤੇ ਜੰਗਲੀ ਕਪਾਹ ਦੇ ਤੱਤਾਂ ਦਾ ਸੁਮੇਲ ਕੀਤਾ ਗਿਆ ਹੈ| ਮੌਜੂਦਾ ਸਮੇਂ ਵਿਚ ਪੱਤਾ ਮਰੋੜ ਦਾ ਸਾਹਮਣਾ ਕਰਨ ਦੀ ਸਮਰਥਾ ਵਾਲੀ ਕਿਸਮ ਇਸ ਬਿਮਾਰੀ ਨੂੰ ਰੋਕਣ ਲਈ ਮਹੱਤਵਪੂਰਨ ਬਦਲ ਹੈ|

ਡਾ. ਖੁਸ਼ਦੀਪ ਧਰਨੀ ਨੇ ਇਸ ਸਮਝੌਤੇ ਲਈ ਦੋਵਾਂ ਧਿਰਾਂ ਨੂੰ ਵਧਾਈ ਦਿੱਤੀ|

## ਡੀ.ਸੀ ਹਿਮਾਂਸ਼ੂ ਜੈਨ ਨੇ ਲੁਧਿਆਣਾ ਵਿੱਚ ਨਿੱਜੀ ਸਕੂਲਾਂ ਦੀ ਫੀਸ ਨਿਗਰਾਨੀ ਲਈ ਜ਼ਿਲ੍ਹਾ ਪੱਧਰੀ ਰੈਗੂਲੇਟਰੀ ਕਮੇਟੀ ਕੀਤੀ ਗਠਿਤ

### *ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਦੀ ਫੀਸ ਵਾਧੇ 'ਤੇ ਹੁਣ ਜ਼ਿਲ੍ਹਾ ਕਮੇਟੀ ਰੱਖੇਗੀ ਨਿਗਰਾਨੀ*



ਲੁਧਿਆਣਾ, 22 ਮਈ:ਪੰਜਾਬ ਰੈਗੂਲੇਟਰੀ ਸੰਸਥਾਨ ਦੀ ਫੀਸ ਨਿਯਮਨ ਐਕਟ, 2016, ਪੰਜਾਬ ਰੈਗੂਲੇਟਰੀ ਸੰਸਥਾਨ ਦੀ ਫੀਸ ਨਿਯਮਨ (ਸੋਧ) ਐਕਟ, 2019 ਅਤੇ ਪੰਜਾਬ ਸਟੇਟ ਰੈਗੂਲੇਟਰੀ ਸੰਸਥਾਨ ਦੀ ਫੀਸ ਨਿਯਮਨ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਨਿਯਮ, 2017 ਦੇ ਉਪਬੰਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਤੁਰੰਤ ਪ੍ਰਭਾਵ ਨਾਲ ਜ਼ਿਲ੍ਹੇ ਲਈ ਇੱਕ ਜ਼ਿਲ੍ਹਾ ਪੱਧਰੀ ਰੈਗੂਲੇਟਰੀ ਕਮੇਟੀ ਦਾ ਗਠਨ ਕੀਤਾ ਹੈ।

ਇਹ ਕਮੇਟੀ ਜ਼ਿਲ੍ਹੇ ਵਿੱਚ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਦੁਆਰਾ ਫੀਸਾਂ ਦੇ ਨਿਰਧਾਰਨ ਅਤੇ ਵਾਧੇ ਨਾਲ ਸਬੰਧਤ ਮਾਮਲਿਆਂ ਨੂੰ ਨਿਯਮਤ ਕਰਨ ਅਤੇ ਜਾਂਚ ਕਰਨ ਲਈ ਬਣਾਈ ਗਈ ਹੈ। ਇਸ ਕਦਮ ਦਾ ਉਦੇਸ਼ ਸਬੰਧਤ ਐਕਟਾਂ ਅਤੇ ਨਿਯਮਾਂ ਅਧੀਨ ਨਿਰਧਾਰਤ ਉਪਬੰਧਾਂ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ ਹੈ।

ਰੈਗੂਲੇਟਰੀ ਸੰਸਥਾ ਦੀ ਅਗਵਾਈ ਖੰਨਾ, ਜਗਰਾਉਂ ਅਤੇ ਪੇਂਡੂ ਵਿਕਾਸ ਦੇ ਵਧੀਕ ਡਿਪਟੀ ਕਮਿਸ਼ਨਰ ਆਪਣੇ-ਆਪਣੇ ਖੇਤਰਾਂ, ਨਗਰ ਨਿਗਮ ਸੀਮਾਵਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਚੇਅਰਪਰਸਨ ਵਜੋਂ ਕਰਨਗੇ। ਮੁੱਖ ਮੰਤਰੀ ਫੀਲਡ ਅਫਸਰ, ਲੁਧਿਆਣਾ ਨੋਡਲ-ਕਮ-ਮੈਂਬਰ ਵਜੋਂ ਸੇਵਾ ਨਿਭਾਏਗਾ, ਜਦੋਂ ਕਿ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਲੁਧਿਆਣਾ ਨੂੰ ਮੈਂਬਰ ਸਕੱਤਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ), ਲੁਧਿਆਣਾ ਅਤੇ ਡਿਪਟੀ ਕਮਿਸ਼ਨਰ, ਲੁਧਿਆਣਾ ਦੇ ਦਫ਼ਤਰ ਤੋਂ ਸੁਪਰਡੈਂਟ ਗ੍ਰੇਡ-1 ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਏਗਾ। ਸੇਵਾਮੁਕਤ ਪ੍ਰਿੰਸੀਪਲ ਤਸਕੀਨ ਅਖਤਰ ਅਤੇ ਨਾਹਰ ਸਿੰਘ ਨੂੰ ਵੀ ਸਰਕਾਰ ਨੇ ਰੈਗੂਲੇਟਰੀ ਬਾਡੀ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਹੈ।

ਨੋਟੀਫਿਕੇਸ਼ਨ ਦੇ ਅਨੁਸਾਰ ਰੈਗੂਲੇਟਰੀ ਬਾਡੀ ਫੀਸ ਢਾਂਚੇ ਦੀ ਨਿਗਰਾਨੀ ਕਰੇਗੀ ਅਤੇ ਨਿੱਜੀ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਫੀਸ ਵਾਧੇ ਨਾਲ ਸਬੰਧਤ ਪ੍ਰਸਤਾਵਾਂ ਦੀ ਜਾਂਚ ਕਰੇਗੀ।

ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਕਿ ਵਿਦਿਅਕ ਸੰਸਥਾਵਾਂ ਦੇ ਸੁਚਾਰੂ ਕੰਮਕਾਜ ਲਈ ਅਤੇ ਵਿਦਿਆਰਥੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਫੰਡਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣਾ ਫੀਸ ਢਾਂਚਾ ਨਿਰਧਾਰਤ ਕਰਨ ਦੇ ਸਮਰੱਥ ਹਨ। ਹਾਲਾਂਕਿ, ਸੰਸਥਾਵਾਂ ਨੂੰ ਫੀਸਾਂ ਨਿਰਧਾਰਤ ਕਰਨ ਜਾਂ ਵਧਾਉਣ ਵੇਲੇ ਐਕਟ ਦੀ ਧਾਰਾ 6(1) ਅਧੀਨ ਨਿਰਧਾਰਤ ਕਾਰਕਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਪ੍ਰਸ਼ਾਸਨ ਨੇ ਅੱਗੇ ਕਿਹਾ ਕਿ ਫੀਸਾਂ ਵਿੱਚ ਕੋਈ ਵੀ ਵਾਧਾ ਪਿਛਲੇ ਅਕਾਦਮਿਕ ਸਾਲ ਦੌਰਾਨ ਲਈ ਗਈ ਫੀਸ ਦੇ ਅੱਠ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਕੋਈ ਵੀ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾ ਮੁਨਾਫ਼ਾਖੋਰੀ ਵਿੱਚ ਸ਼ਾਮਲ ਨਹੀਂ ਹੋਵੇਗੀ ਜਾਂ ਕਿਸੇ ਵੀ ਰੂਪ ਵਿੱਚ ਕੈਪੀਟੇਸ਼ਨ ਫੀਸ ਨਹੀਂ ਲਵੇਗੀ।

## ਸਵੈ ਸਹਾਇਤਾ ਸਮੂਹਾਂ ਦੀਆਂ ਮੈਂਬਰ ਔਰਤਾਂ ਨੂੰ ਆਈ.ਐਸ.ਆਈ ਮਾਰਕ ਅਤੇ ਹਾਲਮਾਰਕ ਦੀ ਮਹੱਤਤਾ ਬਾਰੇ ਭਾਰਤੀ ਮਾਨਕ ਬਿਊਰੋ ਨੇ ਦਿੱਤੀ ਸਿਖਲਾਈ



ਪਟਿਆਲਾ, 22 ਮਈ:ਅੱਜ ਭਾਰਤੀ ਮਾਨਕ ਬਿਊਰੋ (ਬੀਆਈਐਸ), ਪਰਵਾਣੂ ਸ਼ਾਖਾ ਵੱਲੋਂ ਪਰਵਾਣੂ ਸ਼ਾਖਾ ਦਫ਼ਤਰ ਦੇ ਨਿਰਦੇਸ਼ਕ ਅਤੇ ਮੁਖੀ ਸ਼੍ਰੀ ਐਸ.ਸੀ. ਨਾਇਕ ਦੀ ਪ੍ਰਧਾਨਗੀ ਹੇਠ ਪਟਿਆਲਾ ਵਿਖੇ ਔਰਤਾਂ ਦੀ ਅਗਵਾਈ ਵਾਲੇ ਸਵੈ-ਸਹਾਇਤਾ ਸਮੂਹਾਂ ਲਈ ਸ਼ਾਈਨ (ਸਟੈਂਡਰਡਜ ਹੈਲਪ ਇਨ ਫੋਰਮ ਐਂਡ ਨਰਚਰ ਇੰਪਾਵਰਡ ਵੂਮੈਨ) ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ।

ਸਿਖਲਾਈ ਦੌਰਾਨ ਇਨ੍ਹਾਂ ਮਹਿਲਾਵਾਂ ਨੂੰ ਆਈ.ਐਸ.ਆਈ ਮਾਰਕ ਅਤੇ ਹਾਲਮਾਰਕ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਆਈ.ਐਸ.ਆਈ ਮਾਰਕ ਗੁਣਵੱਤਾ ਅਤੇ ਸੁਰੱਖਿਆ ਦਾ ਪ੍ਰਤੀਕ ਹੈ, ਜਦੋਂ ਕਿ ਹਾਲਮਾਰਕ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਂਦਾ ਹੈ।

ਇਸ ਤੋਂ ਇਲਾਵਾ, ਔਰਤਾਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਕਿਸੇ ਵੀ ਉਤਪਾਦ ਜਾਂ ਗਹਿਣੇ ਦੀ ਖਰੀਦਦਾਰੀ ਕਰਦੇ ਸਮੇਂ ਉਸਦੀ ਗੁਣਵੱਤਾ ਦੀ ਪੁਸ਼ਟੀ ਲਈ ਆਈ.ਐਸ.ਆਈ ਮਾਰਕ ਅਤੇ ਹਾਲਮਾਰਕ ਜ਼ਰੂਰ ਚੈੱਕ ਕਰਨ। ਇਸ ਮੌਕੇ ਖਪਤਕਾਰਾਂ ਦੇ ਅਧਿਕਾਰਾਂ ਅਤੇ ਸੁਰੱਖਿਅਤ ਖਰੀਦਦਾਰੀ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰੋਗਰਾਮ ਬਹੁਤ ਹੀ ਸੰਵਾਦਾਤਮਕ ਰਿਹਾ, ਜਿਸ ਵਿੱਚ ਸਵੈ ਸਹਾਇਤਾ ਸਮੂਹਾਂ ਦੀਆਂ ਮੈਂਬਰ 30-35 ਔਰਤਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀਆਂ ਸ਼ੰਕਾਵਾਂ ਦਾ ਹੱਲ ਪ੍ਰਾਪਤ ਕੀਤਾ।

## ਪੀ.ਏ.ਯੂ. ਪ੍ਰੋਫੈਸਰ ਨੂੰ ਮੋਰਾਕੋ ਵਿੱਚ ਪ੍ਰਸ਼ੰਸਾ ਪੱਤਰ ਨਾਲ ਨਿਵਾਜ਼ਿਆ ਗਿਆ



ਲੁਧਿਆਣਾ 22 ਮਈ : ਪੀ.ਏ.ਯੂ. ਦੇ ਫਲ ਕੀਟ ਵਿਗਿਆਨੀ ਡਾ. ਸਨਦੀਪ ਸਿੰਘ ਨੂੰ ਬੀਤੇ ਦਿਨੀਂ ਉੱਤਰੀ ਅਫਰੀਕਾ ਦੇ ਦੇਸ਼ ਮੋਰਾਕੋ ਦੀ ਮੁਹੰਮਦ ਪੌਲੀਟੈਕਨਿਕ ਯੂਨੀਵਰਸਿਟੀ ਵਿਖੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ| ਇਹ ਪੱਤਰ ਉਹਨਾਂ ਨੂੰ ਪ੍ਰੋਫੈਸਰ ਮੁਸਤਾਫਾ ਇਲ ਬੋਸਿਨੀ ਨੇ ਪ੍ਰਦਾਨ ਕੀਤਾ| ਜ਼ਿਕਰਯੋਗ ਹੈ ਕਿ ਡਾ. ਸਿੰਘ ਉਸ ਯੂਨੀਵਰਸਿਟੀ ਦੇ ਖੇਤੀਬਾੜੀ ਅਤੇ ਵਾਤਾਵਰਨ ਵਿਗਿਆਨ ਕਾਲਜ ਵਿਚ ਯਾਤਰੂ ਪ੍ਰੋਫੈਸਰ ਵਜੋਂ ਪਹੁੰਚੇ ਸਨ| ਉਪਰੋਕਤ ਯੂਨੀਵਰਸਿਟੀ ਉੱਤਰੀ ਅਫਰੀਕਾ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ ਵਿੱਚੋਂ ਇਕ ਹੈ| ਡਾ. ਸਨਦੀਪ ਸਿੰਘ ਨੇ ਉਸ ਯੂਨੀਵਰਸਿਟੀ ਦੇ ਸੈਮੀਨਾਰ ਵਿਚ ਫਲਦਾਰ ਫਸਲਾਂ ਦੇ ਕੀੜਿਆਂ ਦੀ ਪੰਜਾਬ ਵਿਚ ਵਾਤਾਵਰਨ ਪੱਖੀ ਰੋਕਥਾਮ ਬਾਰੇ ਵਿਸ਼ੇਸ਼ ਭਾਸ਼ਣ ਦਿੱਤਾ ਸੀ| ਇਸਦੇ ਨਾਲ ਹੀ ਉਹਨਾਂ ਨੇ ਵੱਖ-ਵੱਖ ਖੋਜ ਫਾਰਮਾਂ ਦਾ ਦੌਰਾ ਕੀਤਾ ਅਤੇ ਮੋਰਾਕੋ ਦੀ ਹੋਰਟੀਕੋਲ ਦੀ ਐਗਗੀਰ ਕੰਪਲੈਕਸ ਵਿਖੇ ਭਾਰਤ ਵਿਚ ਫਲਾਂ ਦੀਆਂ ਮੱਖੀਆਂ ਦੀ ਵਾਤਾਵਰਨੀ ਪੱਖੀ ਰੋਕਥਾਮ ਬਾਰੇ ਵੀ ਇਕ ਭਾਸ਼ਣ ਦਿੱਤਾ| ਇਸ ਤਕਨੀਕੀ ਦੌਰੇ ਦੌਰਾਨ ਡਾ. ਸਿੰਘ ਨੇ ਵਿਸ਼ੇਸ਼ ਤੌਰ ਤੇ ਨਿੰਬੂ ਜਾਤੀ ਦੀਆਂ ਫ਼ਸਲਾਂ ਦੇ ਬਾਗਾਂ ਵਿਚ ਕੀੜਿਆਂ ਅਤੇ ਮੱਖੀਆਂ ਦੀ ਰੋਕਥਾਮ ਦੀਆਂ ਸਹੂਲਤਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ| ਇਸ ਤੋਂ ਪਹਿਲਾਂ ਡਾ. ਸਨਦੀਪ ਸਿੰਘ ਅਮਰੀਕਾ, ਇਟਲੀ, ਆਸਟੇਲੀਆ, ਚੀਨ, ਥਾਈਲੈਂਡ, ਮਲੇਸ਼ੀਆਂ, ਇੰਡੋਨੇਸ਼ੀਆ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਵਿਖੇ ਸੰਸਥਾਵਾਂ ਦੇ ਦੌਰੇ ਕਰ ਚੁੱਕੇ ਹਨ|

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਬਾਗਬਾਨੀ ਕਾਲਜ ਦੇ ਡੀਨ ਡਾ. ਰਿਸ਼ੀਇੰਦਰਾ ਸਿੰਘ ਗਿੱਲ ਅਤੇ ਫਲ ਵਿਗਿਆਨ ਵਿਭਾਗ ਦੇ ਮੁਖੀ ਡਾ. ਐੱਚ ਐੱਸ ਰਤਨਪਾਲ ਨੇ ਇਸ ਪ੍ਰਾਪਤੀ ਲਈ ਡਾ. ਸਿੰਘ ਨੂੰ ਵਧਾਈ ਦਿੱਤੀ|

## ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਢਾ ਦਰਿਆ ਦੀ ਸਫਾਈ ਲਈ ਉਦਯੋਗਪਤੀਆਂ ਨੂੰ ਸਮਰਥਨ ਦੇਣ ਦੀ ਕੀਤੀ ਅਪੀਲ

### ਪੰਜਾਬ ਵਿੱਚ ਸਟਾਰਟਅੱਪਸ ਅਤੇ ਨੌਜਵਾਨ ਉੱਦਮਤਾ ਨੂੰ ਮਿਲੇਗਾ ਵੱਡਾ ਉਤਸ਼ਾਹ: ਗੁਲਾਬ ਚੰਦ ਕਟਾਰੀਆ

### ਰਾਜਪਾਲ ਨੇ ਲੁਧਿਆਣਾ ਦੇ ਉਦਯੋਗਿਕ ਭਾਈਚਾਰੇ ਦੀ ਨਵੀਨਤਾ ਅਤੇ ਤਕਨੀਕੀ ਹੁਨਰ ਦੀ ਕੀਤੀ ਪ੍ਰਸ਼ੰਸਾ

### ਰਾਜਪਾਲ ਗੁਲਾਬ ਚੰਦ ਕਟਾਰੀਆ ਕੇਵਲ ਤਿੰਨ ਸਰਕਾਰੀ ਵਾਹਨਾਂ ਨਾਲ ਲੁਧਿਆਣਾ ਪਹੁੰਚੇ, ਨੌਜਵਾਨਾਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਵਿਕਲਪ ਵਿਕਸਤ ਕਰਨ ਦੀ ਕੀਤੀ ਅਪੀਲ




ਲੁਧਿਆਣਾ, 22 ਮਈ:ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀਰਵਾਰ ਨੂੰ ਉਦਯੋਗਿਕ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਉਦਯੋਗ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਿਆ ਅਤੇ ਉਦਯੋਗਪਤੀਆਂ ਨੂੰ ਜਨਤਕ ਸਿਹਤ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਬੁੱਢਾ ਦਰਿਆ ਦੀ ਸਫਾਈ ਲਈ ਸਰਗਰਮੀ ਨਾਲ ਸਮਰਥਨ ਕਰਨ ਦੀ ਅਪੀਲ ਕੀਤੀ।

ਹੋਟਲ ਪਾਰਕ ਪਲਾਜ਼ਾ ਲੁਧਿਆਣਾ ਵਿਖੇ ਸਮਾਗਮ 4.0 ਲੀਡਰਜ਼ ਕਨਕਲੇਵ 2026 ਫੈਸ਼ਨ ਅਤੇ ਟੈਕਸਟਾਈਲ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਦੇ ਉਦਯੋਗਿਕ ਭਾਈਚਾਰੇ ਦੀ ਤਕਨੀਕੀ ਮੁਹਾਰਤ ਅਤੇ ਨਵੀਨਤਾਕਾਰੀ ਮਾਨਸਿਕਤਾ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਵੇਂ ਪੰਜਾਬੀ ਉੱਦਮੀਆਂ ਨੇ ਚੁਣੌਤੀਪੂਰਨ ਸਮੇਂ ਦੌਰਾਨ ਲਗਾਤਾਰ ਵਿਹਾਰਕ ਹੱਲ ਪ੍ਰਦਾਨ ਕੀਤੇ ਹਨ, ਜਿਸ ਦੌਰਾਨ ਪੰਜਾਬ ਵਿੱਚ ਹੜ੍ਹਾਂ ਦੌਰਾਨ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰਨ ਵਾਲੇ ਉਭਰੀ ਆਲ-ਟੇਰੇਨ ਵਾਹਨਾਂ ਦਾ ਵਿਕਾਸ ਸ਼ਾਮਲ ਹੈ।

ਬੁੱਢਾ ਦਰਿਆ ਦੀ ਸਫਾਈ ਨੂੰ ਆਪਣਾ "ਸੁਪਨੇ ਦਾ ਪ੍ਰੋਜੈਕਟ" ਦੱਸਦੇ ਹੋਏ, ਰਾਜਪਾਲ ਨੇ ਕਿਹਾ ਕਿ ਪ੍ਰਦੂਸ਼ਣ ਨਿਵਾਸੀਆਂ ਲਈ ਇੱਕ ਵੱਡੀ ਸਿਹਤ ਚਿੰਤਾ ਬਣ ਗਿਆ ਹੈ। ਉਨ੍ਹਾਂ ਨੇ ਉਦਯੋਗਪਤੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ – "ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹੱਤ" ਅਤੇ "ਸਰਬੱਤ ਦਾ ਭਲਾ" ਤੋਂ ਪ੍ਰੇਰਨਾ ਲੈਂਦੇ ਹੋਏ, ਮਿਸ਼ਨ ਵਿੱਚ ਸਮੂਹਿਕ ਤੌਰ 'ਤੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਗੁਲਾਬ ਚੰਦ ਕਟਾਰੀਆ ਨੇ ਪੰਜਾਬ ਵਿੱਚ ਸਟਾਰਟਅੱਪਸ ਅਤੇ ਨਵੀਨਤਾ ਸੰਚਾਲਿਤ ਉੱਦਮਤਾ ਨੂੰ ਉਤਸ਼ਾਹਿਤ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਸਟਾਰਟਅੱਪਸ ਵਿੱਚ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਕੇ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਕੇ ਬੇਰੁਜ਼ਗਾਰੀ ਨਾਲ ਨਜਿੱਠਣ ਵਿੱਚ ਇੱਕ ਵੱਡੀ ਸ਼ਕਤੀ ਬਣਨ ਦੀ ਸਮਰੱਥਾ ਹੈ। ਨਿਰੰਤਰ ਵਿੱਤੀ ਸਹਾਇਤਾ, ਸਲਾਹ ਅਤੇ ਇਨਕਿਊਬੇਸ਼ਨ ਸਹਾਇਤਾ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਵੱਡੇ ਉਦਯੋਗਿਕ ਘਰਾਣਿਆਂ ਅਤੇ ਸਥਾਪਿਤ ਵਪਾਰਕ ਨੇਤਾਵਾਂ ਨੂੰ ਨੌਜਵਾਨ ਉੱਦਮੀਆਂ ਨੂੰ ਸਰਗਰਮੀ ਨਾਲ ਮਾਰਗਦਰਸ਼ਨ ਅਤੇ ਨਿਵੇਸ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਕੋਲ ਅਥਾਹ ਪ੍ਰਤਿਭਾ, ਤਕਨੀਕੀ ਹੁਨਰ ਅਤੇ ਉੱਦਮੀ ਭਾਵਨਾ ਹੈ, ਪਰ ਵਿਚਾਰਾਂ ਨੂੰ ਸਫਲ ਉੱਦਮਾਂ ਵਿੱਚ ਬਦਲਣ ਲਈ ਇੱਕ ਸਹਾਇਕ ਵਾਤਾਵਰਣ ਦੀ ਲੋੜ ਹੈ।

ਰਾਜਪਾਲ ਨੇ ਵਿਦਿਅਕ ਸੰਸਥਾਵਾਂ, ਉਦਯੋਗਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਨਵੀਨਤਾ ਕੇਂਦਰਾਂ ਅਤੇ ਸਟਾਰਟਅੱਪ ਅਨੁਕੂਲ ਨੀਤੀਆਂ ਬਣਾਉਣ ਵਿੱਚ ਇਕੱਠੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਜਾਬ ਨੂੰ ਤਕਨਾਲੋਜੀ, ਨਿਰਮਾਣ ਅਤੇ ਟਿਕਾਊ ਉੱਦਮਾਂ ਲਈ ਇੱਕ ਮੋਹਰੀ ਮੰਜ਼ਿਲ ਵਜੋਂ ਉਭਰਨ ਵਿੱਚ ਮਦਦ ਕਰ ਸਕਦੀਆਂ ਹਨ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਜੋ ਸਿਰਫ਼ ਤਿੰਨ ਸਰਕਾਰੀ ਵਾਹਨਾਂ ਦੇ ਕਾਫ਼ਲੇ ਨਾਲ ਲੁਧਿਆਣਾ ਆਏ ਸਨ ਨੇ ਨੌਜਵਾਨ ਉੱਦਮੀਆਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਟਿਕਾਊ ਵਿਕਲਪ ਵਿਕਸਤ ਕਰਨ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੁਨੀਆ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਾਫ਼ ਅਤੇ ਨਵਿਆਉਣਯੋਗ ਊਰਜਾ ਵਿੱਚ ਨਵੀਨਤਾ ਸਮੇਂ ਦੀ ਲੋੜ ਹੈ। ਭਵਿੱਖ ਦੀਆਂ ਚੁਣੌਤੀਆਂ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੌਜਵਾਨ ਨਵੀਨਤਾਕਾਰਾਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਵਿਕਲਪਾਂ ਦੀ ਖੋਜ ਕਰਨ ਅਤੇ ਹਰੀ ਤਕਨਾਲੋਜੀਆਂ, ਨਵਿਆਉਣਯੋਗ ਊਰਜਾ ਅਤੇ ਵਾਤਾਵਰਣ ਪੱਖੋਂ ਟਿਕਾਊ ਉਦਯੋਗਿਕ ਅਭਿਆਸਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲਾ ਦਹਾਕਾ ਉਨ੍ਹਾਂ ਉੱਦਮੀਆਂ ਦਾ ਹੋਵੇਗਾ ਜੋ ਨਵੀਨਤਾ ਨੂੰ ਸਥਿਰਤਾ ਨਾਲ ਜੋੜਦੇ ਹਨ।ਰਾਜਪਾਲ ਨੇ ਅੱਗੇ ਕਿਹਾ ਕਿ ਜਿੱਥੇ ਪੰਜਾਬ ਨੂੰ ਭਾਰਤ ਦੇ ਭੋਜਨ ਕਟੋਰੇ ਵਜੋਂ ਜਾਣਿਆ ਜਾਂਦਾ ਹੈ, ਉੱਥੇ ਰਾਜ ਨੂੰ ਹੁਣ ਪੌਸ਼ਟਿਕ ਅਤੇ ਸਿਹਤਮੰਦ ਭੋਜਨ ਉਤਪਾਦਨ ਦਾ ਕੇਂਦਰ ਬਣਨ ਲਈ ਵੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਸੰਮੇਲਨ ਵਿੱਚ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਨੂੰ ਪੰਜਾਬ ਅਤੇ ਭਾਰਤ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਲੰਗਰ ਮਰਯਾਦਾ ਦਾ ਅਪਮਾਨ

ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ ਜਰਮਨੀ

ਇੱਕ ਝੋਲ਼ਾ ਚੁੱਕ ਹਰ ਰੋਜ਼ ਤੇ ਹਰ ਘੰਟੇ ਇੱਧਰ ਉੱਧਰ ਘੁੰਮਣ ਵਾਲੇ ਇੱਕ ਸਰਦਾਰ ਬੰਦੇ ਨੇ ਜਿਸ ਨੂੰ ਲੋਕ ਫੇਸਬੁੱਕ ਦੇ ਪੇਜ "punjabi travel couple" ਦੇ ਨਾਮ ਨਾਲ ਜਾਣਦੇ ਹਨ ਨੇ ਪੁਰਤਗਾਲ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਲੰਗਰ ਹਾਲ ਵਿੱਚ ਲੰਗਰ ਛਕਦੀਆਂ ਸੰਗਤਾਂ ਦੀ ਵੀਡੀਓ ਬਣਾ ਕੇ ਨਾਲ ਇਹ ਕਿਹਾ ਕਿ "ਇੱਥੇ ਪੁਰਤਗਾਲ ਦਾ ਹਾਲ ਵੇਖ ਲਓ, ਇੱਥੇ ਤਾਂ ਲੋਕ ਭੁੱਖੇ ਮਰਦੇ ਹਨ"।




ਨਾਲ ਹੀ ਉਸ ਨੇ ਕੁਝ ਪੰਜਾਬੀਆਂ ਦੀ ਵੀਡੀਓ ਬਣਾ ਕੇ ਬੇਇੱਜ਼ਤੀ ਵੀ ਕੀਤੀ ਹੈ ਜੋ ਆਪਣੀ ਮਿਹਨਤ ਲਈ ਘਰ ਤੋਂ ਕਿਸੇ ਪਾਰਕ ਵਿੱਚ ਖੜ ਕੇ ਸਮੋਸੇ ਜਾ ਪਰੌਂਠੇ ਵੇਚਣ ਦਾ ਕਾਰਜ ਕਰਦੇ ਹਨ। ਇਹ ਬੰਦਾ ਸਿਰ ਤੇ ਦਸਤਾਰ ਸਜਾ ਕੇ ਇਹ ਕਿਵੇ ਭੁੱਲ ਗਿਆ ਕਿ ਸਰਦਾਰ ਹਮੇਸ਼ਾ ਮਿਹਨਤ ਦੀ ਖਾਣੀ, ਅਣਖ ਨਾਲ ਜਿਉਣਾ ਪਸੰਦ ਕਰਦੇ ਹਨ। ਜੇਕਰ ਤੈਨੂੰ ਕੋਈ ਮੁਲਕ ਐਨਾ ਹੀ ਮਾੜਾ ਲੱਗਿਆ ਤਾਂ ਤੂੰ ਇੱਥੇ ਨਿੰਬੂ ਲੈਣ ਆਇਆ?

ਸ਼ਾਇਦ ਤੈਨੂੰ ਗੁਰੂ ਘਰ ਦੇ ਲੰਗਰ ਦੀ ਮਰਿਆਦਾ ਜਾਂ ਗੁਰੂ ਘਰ ਦੇ ਲੰਗਰ ਦੀ ਤਾਕਤ ਦਾ ਅੰਦਾਜ਼ਾ ਨਹੀਂ ਹੈ। ਜੇਕਰ ਭੋਲੇ ਭਾਲੇ ਪੰਜਾਬੀ ਤੇਰੇ ਵਰਗੇ ਚਤਰਾਂ ਨੂੰ ਫੇਸਬੁੱਕ ਤੇ ਸਹੀ ਰਾਹ ਦਿਖਾ ਦੇਣ ਤਾਂ ਸ਼ਾਇਦ ਤੂੰ ਵੀ ਕਿਸੇ ਲੰਗਰ ਹਾਲ ਵਿੱਚ ਲੰਗਰ ਛਕਣ ਲਈ ਮਜਬੂਰ ਹੋ ਜਾਵੇਗਾ। ਯੂਰਪ ਦੇ ਦੂਜੇ ਦੇਸ਼ਾਂ ਤੋਂ ਪੁਰਤਗਾਲ ਵਿੱਚ ਬਹੁਤੇ ਲੋਕ ਕਾਗਜ਼ਾਂ ਕਰਕੇ ਜਾਂਦੇ ਹਨ ਜਾਂ ਕਹਿ ਲਓ ਕਿ ਪੁਰਤਗਾਲ ਦੇਸ਼ ਸਭ ਨੂੰ ਸਾਂਭਣ ਦੀ ਤਾਕਤ ਰੱਖਦਾ ਹੈ। ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਨੂੰ ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਤੁਸੀਂ ਇਸ ਸਰਦਾਰ ਬੰਦੇ ਤੇ ਬਣਦੀ ਕਾਰਵਾਈ ਜਰੂਰ ਕਰੋ ਤਾਂ ਜੋ ਅੱਗੇ ਤੋਂ ਦੁਨੀਆਂ ਭਰ ਦੇ ਗੁਰਦੁਆਰਿਆਂ ਵਿੱਚ ਕਦੇ ਵੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਚਲਾਈ ਲੰਗਰ ਪ੍ਰਥਾ ਦਾ ਅਪਮਾਨ ਨਾ ਹੋਵੇ ਜੀ।

ਪੁਰਤਗਾਲ ਵਿੱਚ ਵੱਸਦੇ ਵੀਰੋ ਤੁਹਾਨੂੰ ਇਸ ਸਰਦਾਰ ਦੀ ਹਰ ਵੀਡੀਓ ਨੂੰ ਫੇਸਬੁੱਕ ਤੇ ਰਿਪੋਰਟ ਕਰਨਾ ਚਾਹੀਦਾ ਹੈ ਤਾਂ ਜੋ ਫੇਸਬੁੱਕ ਨੂੰ ਵੀ ਤੁਹਾਡੀ ਤਾਕਤ ਦਾ ਪਤਾ ਲੱਗੇ। ਹਰ ਮੁਲਕ ਵਿੱਚ ਚੰਗੇ ਮਾੜੇ ਲੋਕ ਰਹਿੰਦੇ ਹਨ। ਹਰ ਮੁਲਕ ਵਿੱਚ ਅਮੀਰ-ਗਰੀਬ ਲੋਕ ਰਹਿੰਦੇ ਹਨ। ਪਰ ਕਦੇ ਵੀ ਉਸ ਮੁਲਕ ਲਈ ਮਾੜਾ ਨਾ ਸੋਚੋ ਨਾ ਕਹੋ ਜੋ ਤੁਹਾਨੂੰ ਰੋਜ਼ਗਾਰ ਦੇ ਤੁਹਾਡਾ ਤੇ ਤੁਹਾਡਾ ਪਰਿਵਾਰ ਪਾਲ ਰਿਹਾ ਹੈ। ਜਿੱਥੇ ਗੱਲ ਗੁਰੂ ਸਾਹਿਬ ਜੀ ਦੀ ਆਵੇ, ਜਿੱਥੇ ਤੁਹਾਡੀ ਸ਼ਾਨ ਦੇ ਖਿਲਾਫ ਕੋਈ ਖੜਾ ਹੋਵੇ, ਉੱਥੇ ਇਕੱਤਰਤਾ ਤੇ ਸਾਂਝੀਵਾਲਤਾ ਕਰਕੇ ਉਸ ਨੂੰ ਸਹੀ ਰਸਤਾ ਜ਼ਰੂਰ ਦਿਖਾਉਣਾ ਚਾਹੀਦਾ ਹੈ। ਸਾਨੂੰ ਸਭ ਨੂੰ ਰੀਲਾਂ ਜਾ ਬਲੋਗ ਦੇਖਣ ਸਮੇਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਹਰ ਗਲਤ ਰੀਲ ਦੀ ਰਿਪੋਰਟ ਕਰਨੀ ਚਾਹੀਦੀ ਹੈ। ਦੁੱਖ ਨਾਲ ਮੈਨੂੰ ਲਿਖਣਾ ਪੈ ਰਿਹਾ ਕਿ ਜਿੰਨਾ ਗੰਦ ਸ਼ੋਸ਼ਲ ਮੀਡੀਆ ਤੇ ਸਾਡੇ ਪੰਜਾਬੀਆਂ ਨੇ ਪਾਇਆ ਹੋਇਆ ਹੈ ਉਸ ਨਾਲ ਪੂਰੀ ਦੁਨੀਆਂ ਦੇ ਲੋਕਾਂ ਵਿੱਚ ਸਾਡੀ ਬਦਨਾਮੀ ਵੀ ਵੱਧਦੀ ਜਾ ਰਹੀ ਹੈ। ਇਹ ਸਾਡੇ ਆਪਣੇ ਹੱਥਾਂ ਵਿੱਚ ਹੈ ਕਿ ਅਸੀਂ ਕਿਸ ਵੱਲ ਵੱਧਣਾ ਹੈ ? ਚੰਗੇ ਵੱਲ ਜਾਂ ਮਾੜੇ ਵੱਲ ?

ਯੂਰਪ ਦੀਆਂ ਸਿੱਖ ਸੰਗਤਾਂ ਨੂੰ ਇਸ ਬੰਦੇ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਚਾਹੀਦਾ ਹੈ ਤੇ ਇਸ ਨੂੰ ਪੁਰਤਗਾਲ ਲੰਗਰ ਹਾਲ ਵਿੱਚ ਕੀਤੀ ਗਲਤੀ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ।

## ਸਿਵਲ ਹਸਪਤਾਲ ਬਠਿੰਡਾ ਦੇ ਕੁੱਝ ਡਾਕਟਰਾਂ ਵੱਲੋਂ ਆਪਣੇ ਨਿੱਜੀ ਟੈਸਟ ਸੈਂਟਰਾਂ ਰਾਹੀਂ ਮਰੀਜਾਂ ਦੀ ਅੰਨ੍ਹੀ ਲੁੱਟ ਬੇਖੌਫ ਜ਼ਾਰੀ

### ਸਿਵਲ ਹਸਪਤਾਲ ਦੇ ਇੱਕ ਡਾਕਟਰ ਦੀ ਵੀਡੀਓ ਸੋਸ਼ਲ ਮੀਡਿਆ ਤੇ ਹੋਈ ਵਾਇਰਲ

### ਸਰਕਾਰ ਦੀ ਕਾਰਵਾਈ ਸਿਰਫ਼ ਬਿਆਨਾਂ ਤੱਕ ਸੀਮਤ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ




ਬਠਿੰਡਾ, 22 ਮਈ :ਪੰਜਾਬ ਦੀ ਆਮ ਆਦਮੀ ਪਾਰਟੀ ਨੂੰ ਵਿਰੋਧੀਆਂ ਵੱਲੋਂ ਦਿੱਤਾ ਗਿਆ " ਕਮੇਡੀ ਸਰਕਾਰ ' ਨਾਮ ਕਈ ਥਾਵਾਂ ਤੇ ਢੁਕਵਾਂ ਵੀ ਲਗਦਾ ਹੈ ਕਿਉਂ ਕਿ ਸਰਕਾਰ ਦੇ ਮੰਤਰੀਆਂ ਜਾਂ ਖੁਦ ਮੁੱਖ ਮੰਤਰੀ ਸਾਹਬ ਆਪਣੀ ਪੁਰਾਣੀ ਸਟੇਜੀ ਆਦਤ ਮੁਤਾਬਕ ਲੋਕਾਂ ਨੂੰ ਲੁਭਾਉਣ ਲਈ ਕਈ ਵਾਰ ਇਹੋ ਜਿਹੇ ਐਲਾਨ ਕਰ ਦਿੰਦੇ ਹਨ ਜਿਹੜੇ ਅਮਲੀ ਤੌਰ ਤੇ ਲਾਗੂ ਹੋਣਾ ਤਾਂ ਦੂਰ ਇਸਦੇ ਨੇੜੇ ਤੇੜੇ ਵੀ ਨਹੀਂ ਹੁੰਦੇ। ਜਿਵੇਂ ਕਿ ਕੁੱਝ ਮਹੀਨੇ ਪਹਿਲਾਂ ਪੰਜ਼ਾਬ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਹਰੇਕ ਸਰਕਾਰੀ ਹਸਪਤਾਲ ਅੰਦਰ ਮਰੀਜਾਂ ਨੂੰ ਹਰ ਦਵਾਈ ਮੁਫ਼ਤ ਮਿਲਿਆ ਕਰੇਗੀ, ਜੇਕਰ ਕਦੇ ਮਜ਼ਬੂਰੀ ਵੱਸ ਡਾਕਟਰ ਬਾਹਰ ਤੋਂ ਦਵਾਈ ਮੰਗਵਾਉਂਦਾ ਹੈ ਤਾਂ ਉਹ (ਡਾਕਟਰ) ਦਵਾਈ ਖੁਦ ਲਿਆ ਕੇ ਮਰੀਜ਼ ਨੂੰ ਦੇਵੇਗਾ। ਸਿਰਫ਼ ਇਹੀ ਨਹੀਂ ਮਰੀਜ਼ ਦੀ ਬਿਮਾਰੀ ਨਾਲ ਸਬੰਧਤ ਸਾਰੇ ਟੈਸਟ ਵੀ ਮੁਫਤ ਜਾਂ ਬਹੁਤ ਹੀ ਘੱਟ ਰੇਟ ਤੇ ਅੰਦਰੋਂ ਹੀ ਹੋਇਆ ਕਰਨਗੇ। ਸਰਕਾਰ ਦੇ ਅੰਦਰੋਂ ਮਿਲਣ ਵਾਲੀਆਂ ਮੁਫਤ ਦਵਾਈਆਂ ਬਾਰੇ ਪੋਲ ਤਾਂ ਕਾਫੀ ਸਮਾਂ ਪਹਿਲਾਂ ਹੀ ਖੁੱਲ ਗਈ ਸੀ,ਕਿਉਂਕਿ ਮਰੀਜ਼ਾਂ ਨੂੰ ਲਿਖੀਆਂ ਗਈਆਂ ਦਵਾਈਆਂ ਵਿੱਚੋਂ ਕਰੀਬ 80% ਦਵਾਈਆਂ ਮਰੀਜ਼ਾਂ ਨੂੰ ਬਾਹਰੋਂ ਮਹਿੰਗੇ ਮੁੱਲ ਤੇ ਖਰੀਦਣੀ ਪੈਂਦੀਆਂ ਹਨ। ਪਰ ਹੁਣ ਇਥੋਂ ਦੇ ਸਰਕਾਰੀ ਹਸਪਤਾਲ ਦੇ ਕਈ ਡਾਕਟਰਾਂ ਵੱਲੋਂ ਬਾਹਰਲੀਆਂ ਪ੍ਰਾਈਵੇਟ ਲੈਬਾਂ ਅਤੇ ਟੈਸਟ ਸੈਂਟਰਾਂ ਨਾਲ ਮਿਲ ਕੇ ਮਰੀਜ਼ਾਂ ਦੀ ਖੁੱਲੀ ਲੁੱਟ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਹਨੀਂ ਦਿਨੀ ਸ਼ੋਸਲ ਮੀਡੀਆ ਤੇ ਸਿਵਲ ਹਸਪਤਾਲ ਬਠਿੰਡਾ ਦੇ ਇੱਕ ਡਾਕਟਰ ਰਾਜਬਿੰਦਰ ਸਿੰਘ ਦੀ ਇੱਕ ਵੀਡੀਓ ਬੜੀ ਤੇਜੀ ਨਾਲ ਵਾਇਰਲ ਹੋ ਰਹੀ ਹੈ, ਜਿਸਤੋਂ ਇਹ ਸਾਬਿਤ ਹੁੰਦਾ ਹੈ ਕਿ ਕਿਵੇਂ ਸਿਵਲ ਹਸਪਤਾਲ ਬਠਿੰਡਾ ਦੇ ਡਾਕਟਰ ਲੋੜਵੰਦ ਗਰੀਬ ਮਰੀਜਾ ਦੀ ਬਾਹਰਲੇ ਪ੍ਰਾਈਵੇਟ ਸਕੈਨ ਹਸਪਤਾਲਾ ਨਾਲ ਮਿਲਕੇ ਰੱਜਵੀਂ ਲੁੱਟ ਕਰਦੇ ਹਨ। ਇਸ ਗੰਭੀਰ ਮਸਲੇ ਨੂੰ ਉਠਾਇਆ ਹੈ ਸ਼ਹਿਰ ਦੇ ਇੱਕ ਪ੍ਰਮੁੱਖ ਸਮਾਜਸੇਵੀ ਸੋਨੂੰ ਮਹੇਸ਼ਵਰੀ ਨੇ। ਜਿਸ ਨਾਲ ਮੌਜੂਦਾ ਪੰਜਾਬ ਸਰਕਾਰ ਦੇ ਉਹ ਵਾਅਦੇ ਤੇ ਦਾਅਵੇ ਝੂਠੇ ਸਾਬਤ ਹੁੰਦੇ ਹਨ, ਜਿਨ੍ਹਾਂ ਰਾਹੀਂ ਪੰਜਾਬ ਵਿੱਚ ਮਰੀਜਾ਼ ਦਾ ਇਲਾਜ ਬਿਲਕੁਲ ਮੁਫ਼ਤ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਹਸਪਤਾਲ ਵਿੱਚ ਇਲਾਜ ਕਰਾਉਣ ਆਏ ਮਰੀਜ ਦੇ ਲਿਖਤੀ ਤਸਦੀਕਸੁਦਾ ਬਿਆਨ ਦੇ ਅਧਾਰ ਤੇ ਸਮਾਜਸੇਵੀ ਸੋਨੂੰ ਮਹੇਸ਼ਵਰੀ ਨੇ ਸਾਡੇ ਬਠਿੰਡਾ ਸਥਿਤ ਪੱਤਰਕਾਰ ਨੂੰ ਦੱਸਿਆ ਕਿ ਬੀਤੇ ਦਿਨੀਂ ਇੱਕ ਔਰਤ ਆਪਣਾ ਇਲਾਜ ਕਰਵਾਉਣ ਲਈ ਸਿਵਲ ਹਸਪਤਾਲ ਦੇ ਐਮ. ਬੀ. ਬੀ. ਐਸ. ( ਐਮਡੀ ) ਡਾਕਟਰ ਰਾਜਬਿੰਦਰ ਸਿੰਘ ਕੋਲ ਆਈ। ਜਿਸਤੇ ਡਾਕਟਰ ਨੇ ਉਸ ਔਰਤ ਦੇ ਪੇਟ 'ਚ ਪਿੱਤੇ ਵਿੱਚ ਪੱਥਰੀ ਹੋਣ ਦੀ ਗੱਲ ਕਹੀ। ਇਹ ਵਾਇਰਲ ਹੋਈ ਵੀਡੀਓ ਤੋਂ ਹੀ ਅਸਲ ਕਹਾਣੀ ਦਾ ਮੁੱਢ ਸੁਰੂ ਹੁੰਦਾ ਹੈ। ਸਰਕਾਰੀ ਡਾਕਟਰ ਰਾਜਬਿੰਦਰ ਸਿੰਘ ਨੇ ਉਕਤ ਮਰੀਜ਼ ਔਰਤ ਨੂੰ ਬਾਹਰੋ ਭੱਟੀ ਰੋਡ ਤੋਂ ਸਿਟੀ ਸਕੈਨ ਕਰਵਾਕੇ ਲਿਆਉਣ ਦੀ ਸਿਫਾਰਿਸ਼ ਕੀਤੀ ਪਰ ਮਰੀਜ਼ ਔਰਤ ਗਲਤੀ ਨਾਲ ਭੱਟੀ ਰੋਡ ਤੋਂ ਡਾਕਟਰ ਵੱਲੋਂ ਦੱਸੇ ਸਕੈਨ ਸੈਂਟਰ ਦੀ ਬਜਾਏ ਕਿਸੇ ਹੋਰ ਸੈਂਟਰ ਤੋਂ ਕਰਵਾਕੇ ਜਦ ਡਾਕਟਰ ਨੂੰ ਜਾਕੇ ਦਿਖਾਇਆ ਤਾਂ ਉਸ ਸਕੈਨ ਨੂੰ ਡਾਕਟਰ ਨੇ ਗਲਤ ਦੱਸਦਿਆ ਦੇਵ ਸਕੈਨ ਸੈਂਟਰ ਭੱਟੀ ਰੋਡ ਤੋਂ ਕਰਵਾਕੇ ਲਿਆਉਣ ਦੀ ਹੀ ਹਦਾਇਤ ਕੀਤੀ ਜਦਕਿ ਇਹ ਟੈਸਟ ਸਰਕਾਰੀ ਹਸਪਤਾਲ ਵਿੱਚੋਂ ਹੁੰਦੇ ਹਨ। ਸਮਾਜਸੇਵੀ ਸੋਨੂੰ ਮਹੇਸ਼ਵਰੀ ਵਲੋਂ ਜਦ ਦੇਵ ਸਕੈਨ ਸੈਂਟਰ ਦੀ ਜਾਣਕਾਰੀ ਲਈ ਗਈ ਤਾਂ ਇਹ ਸੈਂਟਰ ਡਾਕਟਰ ਰਾਜਬਿੰਦਰ ਸਿੰਘ ਦੀ ਪਤਨੀ ਦਾ ਨਿਕਲਿਆ, ਜੋ ਆਪਦੇ ਕੁੱਝ ਮੁਨਾਫ਼ੇ ਲਈ ਗਰੀਬ ਮਰੀਜਾ ਦੀ ਖੱਜਲ – ਖੁਆਰੀ ਦੇ ਨਾਲ – ਨਾਲ ਉਨ੍ਹਾਂ ਦੀ ਲੁੱਟ ਕਰਦੇ ਹਨ। ਇਸ ਸਬੰਧੀ ਜਦ ਡਾਕਟਰ ਰਾਜਬਿੰਦਰ ਸਿੰਘ ਨਾਲ ਸਿਵਲ ਹਸਪਤਾਲ ਵਿਖੇ ਉਸਦਾ ਪੱਖ ਲੈਣ ਲਈ ਗਏ ਤਾਂ ਇਸ ਸਭ ਕੁੱਝ ਤੋਂ ਆਪਣਾ ਪੱਲਾ ਝਾੜਦਿਆ ਸੀਮਤ ਸ਼ਬਦਾ ਚ ਕਿਹਾ ਕਿ ਮੈਨੂੰ ਇਸ ਬਾਰੇ ਕੁੱਝ ਵੀ ਪਤਾ ਨਹੀਂ, ਏਥੋਂ ਤੱਕ ਕਿ ਮਰੀਜ਼ ਦੀ ਪਰਚੀ ਤੇ ਆਪਦੇ ਹੱਥੀ ਲਿਖੀ ਲਿਖਤ ਨੂੰ ਵੀ ਪਛਾਨਣੋ ਕੋਰਾ ਜਵਾਬ ਦੇ ਦਿਤਾ। ਇਸ ਘਪਲੇ ਦੀ ਸਮਾਜਸੇਵੀ ਸੋਨੂੰ ਤੇ ਮਰੀਜ ਔਰਤ ਦੇ ਵਾਰਿਸਾ ਨੇ ਇਸ ਘਪਲੇ ਦੀ ਉੱਚ ਪੱਧਰੀ ਜਾਂਚ ਉੱਚ ਅਧਿਕਾਰੀਆ ਪਾਸੋ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਸੈਂਟਰ 'ਚ ਸਿਵਲ ਹਸਪਤਾਲ ਬਠਿੰਡਾ ਤੋਂ ਰੈਫਰ ਕੀਤੇ ਮਰੀਜਾ ਦੀ ਹੁਣ ਤੱਕ ਦੀ ਕੁੱਲ ਗਿਣਤੀ ਦੀ ਛਾਣਬੀਣ ਕਰਕੇ ਇਸ ਸੈਂਟਰ ਤੇ ਬਣਦੀ ਕਾਰਵਾਈ ਵੀ ਕੀਤੀ ਜਾਵੇ ਅਤੇ ਨਾਲ ਹੀ ਇਸ ਡਾਕਟਰ ਦੇ ਨਾਲ ਨਾਲ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੇ ਰੂਪ ਚ ਬੈਠੇ ਲੁਟੇਰਿਆਂ ਖ਼ਿਲਾਫ਼ ਮਿਸਾਲੀ ਕਾਰਵਾਈ ਅਮਲ ਚ ਲਿਆਂਦੀ ਜਾਵੇ ਤਾਂ ਜੋ ਗਰੀਬ ਜਰੂਰਤਮੰਦ ਮਰੀਜਾ਼ ਦੀ ਹੁੰਦੀ ਲੁੱਟ ਨੂੰ ਠੱਲ ਪੈ ਸਕੇ। ਨੀ

## ਮੌਤ ਤੋਂ ਵੀ ਖਤਰਨਾਕ ਕੀ ਹੈ*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਜ਼ਮੀਰ ਦਾ ਮਰ ਜਾਣਾ

ਸਰੀਰ ਮਰ ਜਾਵੇ ਤਾਂ ਦਰਦ ਖਤਮ, ਪਰ ਜੇ ਇਨਸਾਨ ਦੇ ਅੰਦਰੋਂ ਸੱਚ-ਝੂਠ ਦੀ ਪਛਾਣ ਹੀ ਮੁੱਕ ਜਾਵੇ, ਤਾਂ ਉਹ ਜਿਉਂਦਾ ਰਹਿ ਕੇ ਵੀ ਮੁਰਦਾ ਹੋ ਜਾਂਦਾ ਹੈ।

ਬੇ-ਭਰੋਸਗੀ ਤੇ ਨਫ਼ਰਤ

ਮੌਤ ਇੱਕ ਵਾਰ ਆਉਂਦੀ ਹੈ, ਪਰ ਜੇ ਦਿਲ 'ਚ ਨਫ਼ਰਤ, ਈਰਖਾ, ਸ਼ੱਕ ਵੜ ਜਾਵੇ, ਤਾਂ ਰੋਜ਼ ਮਰਨਾ ਪੈਂਦਾ ਹੈ।
ਵਾਹਿਗੁਰੂ ਨੂੰ ਭੁੱਲ ਜਾਣਾ

ਗੁਰਬਾਣੀ ਕਹਿੰਦੀ ਹੈ: "ਬਿਸਰਿ ਗਈ ਸਭ ਤਾਤਿ ਪਰਾਈ, ਜਬ ਤੇ ਸਾਧਸੰਗਤਿ ਮੋਹਿ ਪਾਈ।"

ਜਦੋਂ ਜੀਵ ਮਾਲਕ ਨੂੰ ਭੁੱਲ ਜਾਂਦਾ ਹੈ, ਤਾਂ ਉਹ ਆਪਣੀ ਅਸਲ ਮੌਤ ਸਹਿੰਦਾ ਹੈ — ਆਤਮਿਕ ਮੌਤ।

ਡਰ ਦੇ ਹੱਥ ਵਿਕ ਜਾਣਾ

ਮੌਤ ਤਾਂ ਕੁਦਰਤੀ ਹੈ, ਪਰ ਡਰ ਦੇ ਮਾਰੇ ਸੱਚ ਨਾ ਬੋਲਣਾ, ਜ਼ੁਲਮ ਦੇਖ ਕੇ ਚੁੱਪ ਰਹਿਣਾ — ਇਹ ਮੌਤ ਤੋਂ ਵੀ ਭਾਰਾ ਹੈ।
ਇਸੇ ਲਈ ਕਹਿੰਦੇ ਨੇ:

"ਮਰਨਾ ਤਾਂ ਸਭ ਨੇ ਹੈ, ਪਰ ਮਰਨ ਤੋਂ ਪਹਿਲਾਂ ਮਰ ਜਾਣਾ ਸਿੱਖ ਲੈ।"

ਭਾਵ, ਹਉਮੈ, ਮੋਹ, ਲੋਭ ਨੂੰ ਮਾਰ ਲੈ। ਫੇਰ ਮੌਤ ਵੀ ਤੇਰਾ ਕੁਝ ਨਹੀਂ ਵਿਗਾੜ ਸਕਦੀ।

ਤੁਹਾਡੇ ਖਿਆਲ 'ਚ ਤੁਹਾਨੂੰ ਸਭ ਤੋਂ ਜ਼ਿਆਦਾ ਕੀ ਡਰਾਉਂਦਾ ਹੈ — ਸਰੀਰ ਦੀ ਮੌਤ, ਜਾਂ ਅੰਦਰ ਦੀ ਮੌਤ?

## ਰਾਜਿੰਦਰਾ ਹਸਪਤਾਲ ਦੇ ਡਾਕਟਰਾਂ ਨੇ ਦੁਰਲੱਭ ਜਮਾਂਦਰੂ ਵਿਗਾੜ ਵਾਲੇ ਨਵਜੰਮੇ ਬੱਚੇ ਦੀ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਅਸਧਾਰਨ ਸਰਜਰੀ

### ਪੰਜਾਬ ਦੀ ਸਿਹਤ ਕਰਾਂਤੀ ਨੇ ਬਿਹਤਰ ਇਲਾਜ ਸਹੂਲਤਾਂ ਨੂੰ ਗਰੀਬਾਂ ਦੇ ਘਰਾਂ ਤੱਕ ਪਹੁੰਚਾਇਆ-ਸਿਹਤ ਮੰਤਰੀ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 22 ਮਈ:ਇੱਕ ਸ਼ਾਨਦਾਰ ਪ੍ਰਾਪਤੀ ਕਰਦਿਆਂ ਸਰਕਾਰੀ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਬੱਚਾ ਸਰਜਰੀ ਵਿਭਾਗ ਨੇ ਇੱਕ ਗੰਭੀਰ ਜਮਾਂਦਰੂ ਵਿਗਾੜ ਨਾਲ ਪੈਦਾ ਹੋਈ ਇੱਕ ਦਿਨ ਦੀ ਮਾਦਾ ਬੱਚੀ ਦੀ ਸਫਲਤਾਪੂਰਵਕ ਜਾਨ ਬਚਾਈ ਹੈ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਹੈ ਕਿ ਇਸ ਬੱਚੀ ਦਾ ਸਾਰਾ ਇਲਾਜ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਮੁਫ਼ਤ ਕੀਤਾ ਗਿਆ ਹੈ।

ਇੱਥੇ ਪ੍ਰੈਸ ਕਾਨਫਰੰਸ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਆਈ ਸਿਹਤ ਕਰਾਂਤੀ ਨਾਲ ਰਾਜ ਦੇ ਸਰਕਾਰੀ ਹਸਪਤਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਮੁਫ਼ਤ ਤੇ ਨਿਜੀ ਹਸਪਤਾਲਾਂ ਦੇ ਮੁਕਾਬਲੇ ਬਿਹਤਰ ਇਲਾਜ ਪ੍ਰਦਾਨ ਕਰ ਰਹੇ ਹਨ।




ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸਫ਼ਲ ਸਰਜਰੀ ਰਾਜਿੰਦਰਾ ਹਸਪਤਾਲ ਵਿਖੇ ਗੁੰਝਲਦਾਰ ਨਵਜੰਮੇ ਸਰਜੀਕਲ ਐਮਰਜੈਂਸੀ ਹਾਲਾਤ ਸੰਭਾਲਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਬਹੁ-ਅਨੁਸ਼ਾਸਨੀ ਟੀਮ ਦੀ ਮੁਹਾਰਤ ਅਤੇ ਸਮਰਪਣ ਨੂੰ ਉਜਾਗਰ ਕਰਦੀ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਰਾਜਿੰਦਰਾ ਹਸਪਤਾਲ ਵਿਖੇ 20 ਅਪ੍ਰੈਲ 2026 ਦੀ ਰਾਤ ਨੂੰ ਵੱਡੇ ਆਪਰੇਸ਼ਨ ਰਾਹੀਂ 2 ਕਿੱਲੋ 100 ਗ੍ਰਾਮ ਦੀ ਇੱਕ ਬੱਚੀ ਦਾ ਜਨਮ ਹੋਇਆ, ਜਿਸ ਦੇ ਮਾਤਾ-ਪਿਤਾ ਕਰਨ ਕੁਮਾਰ ਤੇ ਨੇਹਾ ਰਾਜਪੁਰਾ ਸ਼ਹਿਰ ਦੇ ਰਹਿਣ ਵਾਲੇ ਹਨ। ਮੋਬਾਇਲ ਰਿਪੇਅਰ ਦਾ ਕੰਮ ਕਰਨ ਕੁਮਾਰ ਦੇ ਦੋ ਬੱਚਿਆਂ ਦੀ ਪਹਿਲਾਂ ਵੀ ਗਰਭ ਦੌਰਾਨ ਮੌਤ ਹੋ ਚੁੱਕੀ ਹੈ ਅਤੇ ਇਸ ਬੱਚੇ ਦਾ ਜਨਮ ਉਨ੍ਹਾਂ ਲਈ ਬਹੁਤ ਜਿਆਦਾ ਮਹੱਤਤਾ ਰੱਖਦਾ ਸੀ।

ਉਨ੍ਹਾਂ ਦੱਸਿਆ ਕਿ ਇਸ ਬੱਚੀ ਦੇ ਜਨਮ ਤੋਂ ਬਾਅਦ ਹਸਪਤਾਲ ਦੇ ਡਾਕਟਰਾਂ ਨੇ ਇਹ ਪਾਇਆ ਗਿਆ ਕਿ ਬੱਚੀ ਦੇ ਸਰੀਰ ਵਿੱਚ ਖਾਣ ਵਾਲੀ ਨਾਲੀ ਦਾ ਇੱਕ ਲੰਬਾ ਹਿੱਸਾ ਬਣਿਆ ਹੀ ਨਹੀਂ ਹੋਇਆ, ਜਿਸ ਕਰਕੇ ਬੱਚੀ ਦੁੱਧ ਅਤੇ ਲਾਰ ਆਪਣੇ ਅੰਦਰ ਨਹੀਂ ਲੰਘਾ ਸਕਦੀ ਸੀ। ਜਿਸ ਕਰਕੇ ਉਸਨੂੰ ਛਾਤੀ ਵਿੱਚ ਨਿਮੋਨਿਆ ਅਤੇ ਜਾਨ ਦਾ ਵੀ ਖ਼ਤਰਾ ਸੀ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਬੱਚਾ ਸਰਜਰੀ ਵਿਭਾਗ ਦੇ ਡਾਕਟਰ ਰਵੀ ਗਰਗ ਤੇ ਉਨ੍ਹਾਂ ਦੀ ਟੀਮ ਮੈਂਬਰ ਡਾ ਤੇਗ ਰਬਾਬ ਸਿੰਘ, ਸੁਕ੍ਰਿਤ ਸਿੰਘ ਸਾਹ ਸਮੇਤ ਐਨਸੀਥੀਸੀਆ ਦੇ ਮੁਖੀ ਡਾ. ਪ੍ਰਮੋਦ ਕੁਮਾਰ, ਡਾ. ਤ੍ਰਿਪਤ ਕੌਰ ਬਿੰਦਰਾ ਤੇ ਡਾ. ਸੁਮੀਤ ਸੋਨੀ ਅਧਾਰਤ ਟੀਮ ਨੇ ਇਸ ਬੱਚੀ ਦੀ ਸਫ਼ਲ ਸਰਜਰੀ ਕੀਤੀ। ਡਾ. ਰਵੀ ਗਰਗ ਨੇ ਇਸ ਬੱਚੀ ਦਾ ਓਪਰੇਸ਼ਨ ਕਰਕੇ ਭੋਜਨ ਨਾਲੀ ਦਾ ਇੱਕ ਹਿੱਸਾ ਗਲੇ ਵਿੱਚ ਖੋਲ੍ਹਿਆ ਤਾਂ ਜੋ ਲਾਰ ਉੱਥੋਂ ਨਿਕਲ ਸਕੇ ਅਤੇ ਇੱਕ ਨਾਲੀ ਉਸਦੇ ਪੇਟ ਵਿੱਚ ਪਾਈ ਗਈ, ਜਿਸ ਵਿੱਚ ਬੱਚੇ ਨੂੰ ਦੁੱਧ ਦਿੱਤਾ ਜਾ ਸਕੇ।

ਸਿਹਤ ਮੰਤਰੀ ਨੇ ਦੱਸਿਆ ਕਿ ਇਹ ਜਨਮਜਾਤ ਦੋਸ਼ ਭਾਰਤ ਵਿੱਚ 1/4500 ਨਵਜੰਮੇ ਬੱਚਿਆਂ ਵਿੱਚ ਹੁੰਦਾ ਹੈ ਅਤੇ ਭਾਰਤ ਵਿਚ ਇਸ ਤਰ੍ਹਾਂ ਦੇ 40 ਫੀਸਦੀ ਬੱਚੇ ਹੀ ਬਚਦੇ ਹਨ ਪਰੰਤੂ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਕਈ ਸਾਲਾਂ ਬਾਅਦ ਪਹਿਲੀ ਵਾਰ ਇਸ ਤਰ੍ਹਾਂ ਦੇ ਵਿਰਲੇ ਦੋਸ਼ ਦਾ ਉਪਰੇਸ਼ਨ ਕਰਕੇ ਇਲਾਜ ਕੀਤਾ ਗਿਆ ਹੈ, ਜਿਸ ਦਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਸਪਤਾਲ ਦੇ ਡਾਕਟਰਾਂ ਨੂੰ ਜਾਂਦਾ ਹੈ।

ਡਾ. ਬਲਬੀਰ ਸਿੰਘ ਨੇ ਅੱਗੇ ਦੱਸਿਆ ਕਿ ਓਪਰੇਸ਼ਨ ਤੋਂ ਬਾਅਦ ਇਹ ਬੱਚੀ 26 ਦਿਨ ਨਿਕੂ ਸਹੂਲਤ ਆਈਸੀਯੂ ਵਿੱਚ ਭਰਤੀ ਰਹੀ। ਉਨ੍ਹਾਂ ਕਿਹਾ ਕਿ ਅਜਿਹਾ ਉਪਰੇਸ਼ਨ ਪਟਿਆਲਾ ਤੋਂ ਇਲਾਵਾ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਵਿਖੇ ਹੀ ਕੀਤਾ ਜਾਂਦਾ ਹੈ। ਜਦਕਿ ਪ੍ਰਾਈਵੇਟ ਸੈਕਟਰ ਵਿੱਚ ਇਸ ਆਪਰੇਸ਼ਨ ਸਮੇਤ ਐਨੇ ਦਿਨ ਨਿਕੂ ਵਿੱਚ ਦਾਖਲ ਹੋਣ ਦਾ ਖਰਚਾ ਘੱਟੋ-ਘੱਟ 12 ਤੋਂ 15 ਲੱਖ ਰੁਪਏ ਹੁੰਦਾ ਹੈ ਪਰ ਇਸ ਬੱਚੀ ਦਾ ਇਹ ਆਪਰੇਸ਼ਨ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਬਿਲਕੁਲ ਮੁਫ਼ਤ ਕੀਤਾ ਗਿਆ ਹੈ। ਬੱਚੀ ਦੇ ਮਾਪਿਆਂ ਨੇ ਹੰਝੂ ਭਰੀਆਂ ਅੱਖਾਂ ਨਾਲ ਪੰਜਾਬ ਸਰਕਾਰ, ਸਿਹਤ ਮੰਤਰੀ ਅਤੇ ਡਾਕਟਰਾਂ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਤੇ ਹੋਰ ਡਾਕਟਰ ਮੌਜੂਦ ਸਨ।

ਫੋਟੋ ਕੈਪਸ਼ਨ-ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਭੋਜਨ ਨਲੀ ਦੇ ਸਫ਼ਲ ਉਪਰੇਸ਼ਨ ਵਾਲੀ ਬੱਚੀ ਤੇ ਉਸਦੇ ਮਾਪਿਆਂ ਨੂੰ ਮਿਲਦੇ ਹੋਏ।